# ਐਮਰਜੈਂਸੀ ਕਿੱਟ

MCCSA
Multicultural Communities Council of South Australia

**ਅੱਜ ਇੱਕ ਐਮਰਜੈਂਸੀ ਕਿੱਟ ਇਕੱਠੀ ਕਰੋ! ਇਹ ਐਮਰਜੈਂਸੀ ਵਿੱਚ ਤੁਹਾਡੀ ਜਾਨ ਬਚਾ ਸਕਦੀ ਹੈ।**

ਐਮਰਜੈਂਸੀ ਦੀ ਸਥਿਤੀ ਵਿੱਚ ਕੀਮਤੀ ਸਮਾਂ ਬਚਾਉਣ ਵਿੱਚ ਐਮਰਜੈਂਸੀ ਕਿੱਟ ਮੱਦਦ ਕਰ ਸਕਦੀ ਹੈ। ਇਹ ਉਹ ਚੀਜ਼ਾਂ ਪ੍ਰਦਾਨ ਕਰਦੀ ਹੈ ਜਿਸਦੀ ਤੁਹਾਨੂੰ ਉਦੋਂ ਲੋੜ ਪੈ ਸਕਦੀ ਹੈ ਜੇਕਰ ਬਿਜਲੀ ਗੁੱਲ ਹੋ ਜਾਂਦੀ ਹੈ ਜਾਂ ਤੁਹਾਨੂੰ ਜਲਦੀ ਵਿੱਚ ਆਪਣਾ ਘਰ ਛੱਡਣ ਦੀ ਲੋੜ ਹੁੰਦੀ ਹੈ।

ਤੁਹਾਡੀ ਐਮਰਜੈਂਸੀ ਕਿੱਟ ਵਿੱਚ ਇਹ ਚੀਜ਼ਾਂ ਹੋਣੀਆਂ ਚਾਹੀਦੀਆਂ ਹਨ:

- ਵਾਧੂ ਸੈੱਲਾਂ ਸਮੇਤ ਸੈੱਲਾਂ ਨਾਲ ਚੱਲਣ ਵਾਲਾ ਰੇਡੀਓ
- ਵਾਧੂ ਸੈੱਲਾਂ ਸਮੇਤ ਟਾਰਚ
- ਫਸਟ ਏਡ ਕਿੱਟ
- ਮੋਮਬੱਤੀਆਂ ਅਤੇ ਵਾਟਰਪ੍ਰੂਫ਼ ਮਾਚਿਸਾਂ, ਐਮਰਜੈਂਸੀ ਸੰਪਰਕ ਨੰਬਰਾਂ ਸਮੇਤ ਮਹੱਤਵਪੂਰਨ ਕਾਗਜ਼ਾਤ
- ਤੁਹਾਡੀ ਘਰ ਦੀ ਐਮਰਜੈਂਸੀ ਯੋਜਨਾ ਦੀ ਇੱਕ ਕਾਪੀ
- ਕੀਮਤੀ ਸਮਾਨ ਲਈ ਵਾਟਰਪ੍ਰੂਫ਼ ਬੈਗ

ਆਪਣੀ ਐਮਰਜੈਂਸੀ ਕਿੱਟ ਨੂੰ ਵਾਟਰਪ੍ਰੂਫ਼ ਡੱਬੇ ਵਿੱਚ ਰੱਖੋ।

ਜਦੋਂ ਤੁਸੀਂ ਸਥਾਨ ਛੱਡਣ ਦਾ ਫ਼ੈਸਲਾ ਕਰਦੇ ਹੋ ਤਾਂ ਇਹ ਚੀਜ਼ਾਂ ਸ਼ਾਮਲ ਕਰੋ:

- ਮੋਬਾਈਲ ਫ਼ੋਨ ਅਤੇ ਚਾਰਜਰ
- ਡਾਕਟਰ ਦੀਆਂ ਲਿਖੀਆਂ ਪਰਚੀਆਂ, ਦਵਾਈਆਂ, ਨਹਾਉਣ-ਧੋਣ ਦਾ ਸਮਾਨ
- ਕੱਪੜੇ ਅਤੇ ਮਜ਼ਬੂਤ ਜੁੱਤੇ
- ਨਾ ਖ਼ਰਾਬ ਹੋਣ ਵਾਲਾ ਭੋਜਨ ਅਤੇ ਪੀਣ ਵਾਲਾ ਪਾਣੀ
- ਕੋਈ ਵੀ ਵਿਸ਼ੇਸ਼ ਚੀਜ਼ ਜੋ ਤੁਹਾਨੂੰ ਪਰਿਵਾਰ ਦੇ ਦੂਜੇ ਮੈਂਬਰਾਂ ਲਈ ਚਾਹੀਦੀ ਹੈ
  ਜੇ ਤੁਹਾਡੇ ਕੋਲ ਪਾਲਤੂ ਜਾਨਵਰ ਹਨ ਤਾਂ ਪੱਟੇ, ਭੋਜਨ ਅਤੇ ਕਟੋਰਿਆਂ ਨੂੰ ਨਾ ਭੁੱਲੋ।

SASES ਚੈੱਕਲਿਸਟ www.ses.sa.gov.au 'ਤੇ About us/Resources (ਸਾਡੇ ਬਾਰੇ/ਸਰੋਤਾਂ) ਦੇ ਤਹਿਤ ਉਪਲਬਧ ਹੈ।

ਕੰਟਰੀ ਫ਼ਾਇਰ ਸਰਵਿਸ ਕੋਲ ਇੱਕ ਅਜਿਹੀ ਹੀ ਕਿੱਟ ਅਤੇ ਤੱਥ ਸ਼ੀਟ ਹੈ। ਅੱਗ ਲੱਗਣ ਦੀ ਘਟਨਾ ਦੇ ਦੌਰਾਨ ਲਾਜ਼ਮੀ ਨਾਲ ਹੋਣ ਵਾਲੀਆਂ ਵਾਧੂ ਚੀਜ਼ਾਂ ਲਈ **- CFS Before the Fire Season Emergency Kit (ਅੱਗ ਲੱਗਣ ਦੇ ਮੌਸਮ ਤੋਂ ਪਹਿਲਾਂ ਐਮਰਜੈਂਸੀ ਕਿੱਟ) ਅਤੇ CFS Fact Sheet Emergency Kits (CFS ਐਮਰਜੈਂਸੀ ਕਿੱਟਾਂ ਬਾਰੇ ਤੱਥ ਸ਼ੀਟਾਂ) ਲਈ https://www.cfs.sa.gov.au 'ਤੇ ਉਹਨਾਂ ਦੀ ਵੈੱਬਸਾਈਟ ਦੇਖੋ।**

ਭਰਨ ਤੋਂ ਬਾਅਦ ਆਪਣੀ ਐਮਰਜੈਂਸੀ ਕਿੱਟ ਚੈੱਕਲਿਸਟ ਨੂੰ ਫਰਿੱਜ 'ਤੇ ਲਗਾਕੇ ਰੱਖੋ ਅਤੇ ਇਸਦੀ ਵਰਤੋਂ ਆਪਣੀ ਕਿੱਟ ਦੀ ਜਾਂਚ ਕਰਨ/ਮੁੜ-ਭਰਪਾਈ ਕਰਨ ਲਈ ਆਪਣੇ-ਆਪ ਨੂੰ ਯਾਦ ਦਿਵਾਉਣ ਲਈ ਕਰੋ।

ਇਹ ਸੁਨੇਹਾ ਤੁਹਾਡੇ ਲਈ Multicultural Communities Council of South Australia ਵੱਲੋਂ ਆਸਟ੍ਰੇਲੀਆ ਅਤੇ ਸਾਊਥ ਆਸਟ੍ਰੇਲੀਆਈ ਸਰਕਾਰਾਂ ਵੱਲੋਂ ਮਾਲੀ ਸਹਾਇਤਾ ਪ੍ਰਾਪਤ ਆਫ਼ਤ ਦਾ ਜ਼ੋਖਮ ਘਟਾਉਣ ਵਾਲੇ ਪ੍ਰੋਜੈਕਟ (Disaster Risk Reduction) ਦੇ ਹਿੱਸੇ ਵਜੋਂ ਲਿਆਂਦਾ ਗਿਆ ਸੀ।